ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ।
(ਮੰਡੀਕਰਨ ਸਾਖਾ)

ਵੱਲ

1. ਪ੍ਰਬੰਧ ਨਿਰਦੇਸ਼ਕ,
ਮਾਰਕਫੈਡ ਪੰਜਾਬ,
ਚੰਡੀਗੜ੍ਹ।

2. ਸਟੇਟ ਮਾਰਕੀਟਿੰਗ ਮੈਨੇਜਰ(ਪੰਜਾਬ),
ਇਫਕੋ, ਚੰਡੀਗੜ੍ਹ।

3. ਸਮੂਹ ਸਯੁੰਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

ਮੀਮੋ ਨੰ:ਰਸਸ/ਮੰਡੀ:/ਨ.ਖ./ਨੀਤੀ/ 3863-65
ਚੰਡੀਗੜ ਮਿਤੀ/ 8.5.17

**ਵਿਸ਼ਾ: ਸਹਿਕਾਰੀ ਸਭਾਵਾਂ ਵੱਲੋ ਸਾਉਣੀ 2017 ਲਈ ਖਾਦ ਦੀ ਸਪਲਾਈ ਸਬੰਧੀ।**

ਹਵਾਲਾ: ਇਸ ਦਫਤਰ ਦੇ ਪੱਤਰ (ੳ) ਨੰ.ਰਸਸ/ਮੰਡੀ:/ਨ.ਖ/ਨੀਤੀ/ਸਾਉਣੀ 2014/2305-07 ਮਿਤੀ 14.03.14
(ਅ) ਨੰ.ਰਸਸ/ਮੰਡੀ:/ਨ.ਖ./ਨੀਤੀ/143 ਮਿਤੀ 15.03.17

ਉਪਰੋਕਤ ਹਵਾਲਾ ਅਧੀਨ ਦਿੱਤੇ ਪੱਤਰ (ੳ) ਰਾਹੀਂ ਖਾਦ ਦੀ ਨੀਤੀ ਜਾਰੀ ਕੀਤੀ ਗਈ ਹੈ।ਇਸ ਖਾਦ ਨੀਤੀ ਦੇ ਪੈਰ੍ਹਾ ਨੰ. 3.3 ਅਨੁਸਾਰ ਖਾਦ ਦੀ ਸਪਲਾਈ ਕਰਨ ਵਾਲੀਆਂ ਏਜੰਸੀਆਂ (ਮਾਰਕਫੈਡ ਅਤੇ ਇਫਕੋ) ਵੱਲੋ ਵੰਡੀ ਜਾਣ ਵਾਲੀ ਖਾਦ ਦੀ ਰੇਸ਼ੋ ਪਹਿਲਾਂ ਹੀ ਹਵਾਲਾ ਅਧੀਨ ਪੱਤਰ (ਅ) ਰਾਹੀਂ ਜਾਰੀ ਕੀਤੀ ਜਾ ਚੁੱਕੀ ਹੈ।

ਖਾਦ ਦੀ ਨੀਤੀ ਦੇ ਪੈਰ੍ਹਾ ਨੰ. 6 ਅਨੁਸਾਰ ਸਾਉਣੀ 2017 ਲਈ ਖਾਦ ਦੇ ਰੇਟ ਅਤੇ ਮਾਰਜਨ ਸਰਕਾਰ ਦੀ ਸਹਿਮਤੀ ਅਨੁਸਾਰ ਹੇਠ ਲਿਖੇ ਅਨੁਸਾਰ ਤਹਿ ਕੀਤੇ ਜਾਂਦੇ ਹਨ:-

| ਲੜੀ ਨੰ | ਵੇਰਵਾ | **ਨੀਮ ਕੋਟਿਡ ਯੂਰੀਆ** | | | |
|---|---|---|---|---|---|
| | | **ਮਾਰਕਫੈਡ** | | **ਇਫਕੋ** | |
| | | ਪ੍ਰ.ਮ.ਟ. | ਪ੍ਰਤੀ ਥੈਲਾ | ਪ੍ਰ.ਮ.ਟ. | ਪ੍ਰਤੀ ਥੈਲਾ |
| 1. | ਐਮ.ਆਰ.ਪੀ | **5680** | **284** | **5679.26** | **284** |
| 2. | ਮਾਰਕਫੈਡ/ਇਫਕੋ ਦੀ ਖਰੀਦ ਕੀਮਤ | **5480** | **274** | - | - |
| 3. | ਮਾਰਕਫੈਡ/ਇਫਕੋ ਲਈ ਮਾਰਜ਼ਨ | **45** | **2.25** | - | - |
| 4. | ਸਹਿਕਾਰੀ ਸਭਾ ਲਈ ਕੀਮਤ | **5525** | **276.25** | **5480** | **274** |
| 5. | ਸਹਿਕਾਰੀ ਸਭਾ ਲਈ ਮਾਰਜ਼ਨ | **105** | **5.25** | **150** | **7.50** |
| 6. | ਕਿਸਾਨ ਲਈ ਕੀਮਤ | **5630** | **281.50** | **5630** | **281.50** |
| 7. | ਕਿਸਾਨ ਲਈ ਬਣਿਆ ਰੀਬੇਟ | **50** | **2.50** | **50** | **2.50** |
| 8. | ਸਟੋਰੇਜ ਚਾਰਜਿਜ (ਅਗਾਊਂ ਭੰਡਾਰਨ ਤੇ) | ਫਰਵਰੀ ਮਹੀਨੇ ਤੇ 15/- ਰੁ: ਪ੍ਰਤੀ ਮੀ.ਟਨ. ਅਤੇ ਮਾਰਚ ਮਹੀਨੇ ਤੋਂ 10/- ਰੁ: ਪ੍ਰਤੀ ਮੀ.ਟਨ. ਦੇ ਹਿਸਾਬ ਨਾਲ ਸਭਾਵਾਂ ਨੂੰ 15 ਮਈ ਤੱਕ ਸਟੋਰੇਜ਼ ਚਾਰਜਿਜ ਦਿੱਤੇ ਜਾਣਗੇ। | | ਫਰਵਰੀ ਮਹੀਨੇ ਤੇ 15 ਮਈ ਤੱਕ 15/- ਰੁ: ਪ੍ਰਤੀ ਮੀ.ਟਨ. ਪ੍ਰਤੀ ਮਹੀਨੇ ਦੇ ਹਿਸਾਬ ਨਾਲ ਸਭਾਵਾਂ ਨੂੰ ਸਟੋਰੇਜ਼ ਚਾਰਜਿਜ ਦਿੱਤੇ ਜਾਣਗੇ। | |

| ਲੜੀ ਨੰ | ਵੇਰਵਾ | ਡੀ.ਏ.ਪੀ. | | | |
|---|---|---|---|---|---|
| | | ਮਾਰਕਫੈਡ | | ਇਫਕੋ | |
| | | ਪ੍ਰ.ਮ.ਟ. | ਪ੍ਰਤੀ ਥੈਲਾ | ਪ੍ਰ.ਮ.ਟ. | ਪ੍ਰਤੀ ਥੈਲਾ |
| 1. | ਸਹਿਕਾਰੀ ਸਭਾ ਲਈ ਕੀਮਤ | 20350 | 1017.50 | 20220 | 1011 |
| 2. | ਸਹਿਕਾਰੀ ਸਭਾ ਲਈ ਮਾਰਜ਼ਨ | 350 | 17.50 | 480 | 24 |
| 3. | ਕਿਸਾਨ ਲਈ ਕੀਮਤ | 20700 | 1035 | 20700 | 1035 |

| ਲੜੀ ਨੰ | ਵੇਰਵਾ | ਐਨ.ਪੀ.ਕੇ 12:32:16 | | ਐਮ.ਓ.ਪੀ. | |
|---|---|---|---|---|---|
| | | ਇਫਕੋ | | ਮਾਰਕਫੈਡ | |
| | | ਪ੍ਰ.ਮ.ਟ. | ਪ੍ਰਤੀ ਥੈਲਾ | ਪ੍ਰ.ਮ.ਟ. | ਪ੍ਰਤੀ ਥੈਲਾ |
| 1. | ਐਮ.ਆਰ.ਪੀ. | 20700 | 1035 | 11000 | 550 |
| 2. | ਮਾਰਕਫੈਡ/ਇਫਕੋ ਦੀ ਖਰੀਦ ਕੀਮਤ | - | - | 10600 | 530 |
| 3. | ਮਾਰਕਫੈਡ/ਇਫਕੋ ਲਈ ਮਾਰਜ਼ਨ | - | - | 120 | 6 |
| 4. | ਸਹਿਕਾਰੀ ਸਭਾ ਲਈ ਕੀਮਤ | 20220 | 1011 | 10720 | 536 |
| 5. | ਸਹਿਕਾਰੀ ਸਭਾ ਲਈ ਮਾਰਜ਼ਨ | 480 | 24 | 280 | 14 |
| 6. | ਕਿਸਾਨ ਲਈ ਕੀਮਤ | 20700 | 1035 | 11000 | 550 |

ਨੋਟ:- ਖਾਦ ਸਪਲਾਈ ਏਜੰਸੀਆਂ (ਮਾਰਕਫੈਡ ਅਤੇ ਇਫਕੋ) ਵਲੋਂ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਰਾਜ ਦੀਆਂ ਖੇਤੀਬਾੜੀ ਸਭਾਵਾਂ ਨੂੰ 50/- ਰੁ: ਪ੍ਰ.ਮ.ਟ. ਦੇ ਹਿਸਾਬ ਨਾਲ ਯੂਰੀਆ ਖਾਦ ਤੇ m-FMS ਮਾਰਜਨ ਦਿੱਤੇ ਜਾਂਦੇ ਸੀ। ਹੁਣ ਭਾਰਤ ਸਰਕਾਰ ਦੇ ਖਾਦ ਮੰਤਰਾਲੇ ਵਲੋਂ ਮਿਤੀ 22.09.2016 ਰਾਹੀਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਯੂਰੀਆ ਖਾਦ ਤੇ 50/- ਰੁ: ਪ੍ਰ.ਮ.ਟ. ਦੇ ਹਿਸਾਬ ਨਾਲ ਦਿੱਤੇ ਜਾ ਰਹੇ m-FMS ਮਾਰਜਨ ਬੰਦ ਕਰ ਦਿੱਤੇ ਗਏ ਹਨ ਅਤੇ ਇਸ ਰਾਸ਼ੀ ਨਾਲ ਖਾਦ ਸਪਲਾਇਰਾਂ ਵਲੋਂ ਸਭਾਵਾਂ ਵਿੱਚ POS devices install ਕਰਵਾਈਆਂ ਜਾਣੀਆਂ ਹਨ।

ਇਹ ਪੱਤਰ ਸਰਕਾਰ ਦੀ ਸਹਿਮਤੀ ਨਾਲ ਜਾਰੀ ਕੀਤਾ ਜਾਂਦਾ ਹੈ।

ਵਧੀਕ ਰਜਿਸਟਰਾਰ (ਜਨਰਲ)

ਪਿੱਠ ਅੰਕਣ ਨੰ:ਰਸਸ/ਮੰਡੀ:/ਨ.ਖ./ਨੀਤੀ/ 3866-72 ਚੰਡੀਗੜ ਮਿਤੀ/ 8.5.17

ਉਪਰੋਕਤ ਦਾ ਉਤਾਰਾ:-

1. ਨਿੱਜੀ ਸਕੱਤਰ,ਵਿੱਤੀ ਕਮਿਸ਼ਨਰ (ਸਹਿਕਾਰਤਾ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸ਼ਨਰ,(ਸਹਿਕਾਰਤਾ) ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਕੱਤਰ,ਵਿੱਤੀ ਕਮਿਸ਼ਨਰ (ਵਿਕਾਸ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸ਼ਨਰ (ਵਿਕਾਸ) ਜੀ ਦੀ ਜਾਣਕਾਰੀ ਹਿੱਤ।
3. ਨਿੱਜੀ ਸਹਾਇਕ,ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ਨੂੰ ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।
4. ਪ੍ਰਬੰਧਕ ਨਿਰਦੇਸਕ,ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ ਨੂੰ ਜਰੂਰੀ ਕਾਰਵਾਈ ਅਤੇ ਜਾਣਕਾਰੀ ਹਿੱਤ।
5. ਪ੍ਰਬੰਧ ਨਿਰਦੇਸਕ,ਪੰਨਕੋਫੈਡ,ਪੰਜਾਬ ਚੰਡੀਗੜ੍ਹ ਨੂੰ ਲੋੜੀਦੀ ਕਾਰਵਾਈ ਲਈ।
6. ਡਾਇਰੈਕਟਰ ਖੇਤੀਬਾੜੀ,ਪੰਜਾਬ, ਐਸ.ਏ.ਐਸ ਨਗਰ ਨੂੰ ਸੂਚਨਾ ਹਿੱਤ।
7. ਪ੍ਰਬੰਧ ਨਿਰਦੇਸ਼ਕ/ਮੈਨੇਜਰ ਸਮੂਹ ਕੇਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ।

ਵਧੀਕ ਰਜਿਸਟਰਾਰ (ਜਨਰਲ)